# ਦਫਤਰ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਫਿਰੋਜ਼ਪੁਰ

ਸੇਵਾ ਵਿਖੇ

ਮਾਨਯੋਗ ਰਜਿਸਟਰਾਰ,
ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ।

ਨੰਬਰ:ਰਕ।/ਸ.ਰ.ਫਿ...1807 ਮਿਤੀ..5/9/24

ਵਿਸ਼ਾ:- ਦੀ ਸੁਲਹਾਣੀ ਬਹੁਮੰਤਵੀ ਖੇਤਬਾੜੀ ਸਹਿਕਾਰੀ ਸਭਾ ਲਿਮ: ਵਿਚ ਸੇਲਜ਼ਮੈਨ ਕਮ ਕੈਸ਼ੀਅਰ ਦੀ ਭਰਤੀ ਕਰਨ ਸਬੰਧੀ ਇਸ਼ਤਿਹਾਰ (ਅਖਬਾਰਾਂ) ਦੀਆਂ ਕਾਪੀਆਂ ਸਹਿਕਾਰਤਾ ਵਿਭਾਗ ਦੇ ਪੋਰਟਲ ਉੱਪਰ ਅਪਲੋਡ ਕਰਨ ਬਾਰੇ।

ਹਵਾਲਾ:- ਆਪ ਜੀ ਦੇ ਦਫਤਰੀ ਪੱਤਰ ਦੇ ਮੀਮੋ ਨੰ: ਰਸਸ/ਰਿਣ-2/ਸੀ.ਈ.ਏ.3/167 ਮਿਤੀ: 21/06/2024 ਦੇ ਸਬੰਧ ਵਿਚ।

ਸ਼੍ਰੀਮਾਨ ਜੀ,

ਉਪਰੋਕਤ ਵਿਸ਼ੇ ਅਤੇ ਹਵਾਲੇ ਅਧੀਨ ਪੱਤਰ ਦੇ ਸੰਬੰਧ ਵਿੱਚ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਰਕਲ ਅਧੀਨ ਆਉਂਦੀ ਸਭਾ, ਦੀ ਸੁਲਹਾਣੀ ਬਹੁਮੰਤਵੀ ਖੇਤਬਾੜੀ ਸਹਿਕਾਰੀ ਸਭਾ ਲਿਮ: ਵਲੋਂ ਆਪਣੀ ਸਭਾ ਵਿਚ ਸੇਲਜ਼ਮੈਨ ਕਮ ਕੈਸ਼ੀਅਰ ਦੀ ਭਰਤੀ ਕਰਨ ਸਬੰਧੀ ਇਸ਼ਤਿਹਾਰ ਮਿਤੀ 04-09-2024 ਨੂੰ ਅੱਜ ਦੀ ਆਵਾਜ (ਪੰਜਾਬੀ ਅਖਬਾਰ) ਅਤੇ ਮਿਤੀ: 04-09-2024 ਨੂੰ ਡੇਲੀ ਪੰਜਾਬ ਟਾਇਮਜ਼ (ਪੰਜਾਬੀ ਅਖਬਾਰ) ਵਿਚ ਪਬਲਿਸ਼ ਕਰਵਾਇਆ ਗਿਆ ਹੈ, ਅਖਬਾਰਾਂ ਵਿਚ ਦਿੱਤਾ ਗਿਆ ਇਸ਼ਤਿਹਾਰ ਇਸ ਪੱਤਰ ਨਾਲ ਨੱਥੀ ਕਰਕੇ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਇਸ਼ਤਿਹਾਰ (ਅਖਬਾਰ) ਨੂੰ ਸਹਿਕਾਰਤਾ ਵਿਭਾਗ ਦੇ ਪੋਰਟਲ ਉੱਪਰ ਅਪਲੋਡ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

ਨੱਥੀ: ਉਕਤ ਅਨੁਸਾਰ

05/09/24
ਸਹਾਇਕ ਰਜਿਸਟਰਾਰ,
ਸਹਿਕਾਰੀ ਸਭਾਵਾਂ, ਫਿਰੋਜ਼ਪੁਰ

Daily PUNJAB TIMES Jalandhar, ਬੁੱਧਵਾਰ, 4 ਸਤੰਬਰ, 2024



ਖੇਡਾਂ ਵਤਨ ਪੰਜਾਬ ਦੀਆਂ ਬਲਾਕ ਪੱਧਰੀ ਖੇਡਾਂ ਦਾ ਡਿਪਟੀ ਕਮਿਸ਼ਨਰ ਵੱਲੋਂ ਆਗਾਜ਼ ▸ 4

ਸੰਪਾਦਕੀ

ਲੀਡਰ ਆਮ ਲੋਕਾਂ ਦੇ ਕਹਿਰ ਤੋਂ ਡਰਨ

-ਬਲਜੀਤ ਸਿੰਘ ਬਰਾੜ ▸ 6



ਬੁਢਲਾਡਾ ਦੀ ਸਿਮਰਨ ਨੇ ਚੰਡੀਗੜ੍ਹ 'ਚ ਗਣਿਤ ਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ▸11

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇੱਕ-ਰੋਜ਼ਾ ਸੈਮੀਨਾਰ ਕਰਵਾਇਆ ▸ 12



2005 ਤੋਂ ਸੇਵਾ 'ਚ

ਸਰਕਾਰੀ ਇਸ਼ਤਿਹਾਰਾਂ ਲਈ ਪ੍ਰਵਾਨਿਤ

ਰੋਜ਼ਾਨਾ

# ਪੰਜਾਬ ਟਾਇਮਜ਼®

Leading Punjabi & English daily PUNJAB TIMES

PUNJAB TIMES TV

Jalandhar 4/9/2024 Wednesday ਬੁੱਧਵਾਰ, 4 ਸਤੰਬਰ, 2024 20 ਭਾਦੋਂ, ਨਾਨਕਸ਼ਾਹੀ ਸੰਮਤ 556

Trademark Reg No. 3041209

Published from India & USA Canada

PB/JL-053/2022-24 RNI #PUNPUN/2005/15199 | Vol : 12 Issue : 351 | www.dailypunjabtimes.com | Editor : baljit singh brar | C.E.O. : Rupinder Kaur | P 12 | Rs 5/-

'ਪੰਜਾਬ ਟਾਇਮਜ਼'

ਈ-ਪੇਪਰ ਸਕੈਨਰ

ਬਠਿੰਡਾ ਦਿਹਾਤੀ ਤੋਂ ਵਿਸ਼ੇਸ਼ ਸਪਲੀਮੈਂਟ

ਅਦਾਰਾ 'ਪੰਜਾਬ ਟਾਇਮਜ਼' ਵੱਲੋਂ ਬਠਿੰਡਾ ਦਿਹਾਤੀ ਤੋਂ ਪੱਤਰਕਾਰ ਦਲਜੀਤ ਸਿੰਘ ਸਿਧਾਣਾ ਦਾ ਜਲਦ ਸਪਲੀਮੈਂਟ ਪ੍ਰਕਾਸ਼ਿਤ ਹੋ ਰਿਹਾ ਹੈ।



ਅਖ਼ਬਾਰ ਵਿਚ ਖ਼ਬਰਾਂ ਅਤੇ ਇਸ਼ਤਿਹਾਰ ਸਮੱਗਰੀ ਲਈ ਸੰਪਰਕ ਕਰੋ-

ਪੱਤਰਕਾਰ ਦਲਜੀਤ ਸਿੰਘ ਸਿਧਾਣਾ

ਸੰਪਰਕ: 94643-51318

ਰਾਮਪੁਰਾ ਫੂਲ

ਖ਼ਬਰ-ਖ਼ਬਰ

## ਪੰਜਾਬ 'ਚ ਭਾਰੀ ਮੀਂਹ-ਅਗਲੇ ਦਿਨਾਂ ਲਈ ਅਲਰਟ ਜਾਰੀ

ਜਲੰਧਰ, 3 ਸਤੰਬਰ (ਪੰਜਾਬ ਟਾਇਮਜ਼ ਬਿਊਰੋ)- ਜਲੰਧਰ ਵਿਚ ... ਭਾਰੀ

# ਕਰੋੜਾਂ ਲੋਕਾਂ ਨੂੰ ਮਾਨ ਸਰਕਾਰ ਨੇ ਦਿੱਤੀ ਵੱਡੀ ਰਾਹਤ

### ਭਗਵੰਤ ਮਾਨ ਵੱਲੋਂ ਆਮ ਲੋਕਾਂ ਨੂੰ ਸੌਗਾਤ, ਰਜਿਸਟਰੀ ਲਈ ਐਨ.ਓ.ਸੀ. ਦੀ ਸ਼ਰਤ ਖਤਮ

ਪੰਜਾਬ ਟਾਇਮਜ਼ ਬਿਊਰੋ

ਰੇਸ਼ਮਜੀਤ ਸਿੰਘ ਬਰਾੜ

- **ਮੁੱਖ ਮੰਤਰੀ ਦੀ ਅਗਵਾਈ ਵਿੱਚ ਵਿਧਾਨ ਸਭਾ ਵੱਲੋਂ 'ਪੰਜਾਬ ਅਪਾਰਟਮੈਂਟ ਐਂਡ ਪ੍ਰਾਪਰਟੀ ਰੈਗੂਲੇਸ਼ਨ (ਸੋਧ) ਐਕਟ-2024' ਸਰਬਸੰਮਤੀ ਨਾਲ ਪਾਸ**



ਚੰਡੀਗੜ੍ਹ, 3 ਸਤੰਬਰ- ਪੰਜਾਬ ਦੇ ਆਮ ਲੋਕਾਂ ਨੂੰ ਵੱਡੀ ਰਾਹਤ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਵਿਧਾਨ ਸਭਾ ਨੇ ਅੱਜ ਇਤਿਹਾਸਕ ਬਿੱਲ 'ਪੰਜਾਬ ਅਪਾਰਟਮੈਂਟ ਐਂਡ ਪ੍ਰਾਪਰਟੀ ਰੈਗੂਲੇਸ਼ਨ (ਸੋਧ) ਐਕਟ-2024' ਨੂੰ ਸਰਬਸੰਮਤੀ ਨਾਲ ਪਾਸ ਕਰਦਿਆਂ ਪਲਾਟ ਦੀ ਰਜਿਸਟਰੀ ਲਈ ਕੋਈ ਇਤਰਾਜ਼ ਨਹੀਂ ਸਰਟੀਫਿਕੇਟ (ਐਨ.ਓ.ਸੀ.) ਦੀ ਸ਼ਰਤ ਨੂੰ ਖ਼ਤਮ ਕਰ ਦਿੱਤਾ।

ਵਿਧਾਨ ਸਭਾ ਦੇ ਸਦਨ ਵਿੱਚ 'ਪੰਜਾਬ ਅਪਾਰਟਮੈਂਟ ਐਂਡ ਪ੍ਰਾਪਰਟੀ ਰੈਗੂਲੇਸ਼ਨ (ਸੋਧ) ਐਕਟ-2024' ਉੱਤੇ ਬਹਿਸ ਨੂੰ ਸਮੇਟਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਸੋਧ ਦਾ ... ਨੰਗੀ। ਭਗਵੰਤ **ਸਿੰਘ ਮਾਨ ਨੇ** ਕਿਹਾ ਕਿ ਇਹ ਸੋਧ ਕਸੂਰਵਾਰ ਲੋਕਾਂ ਲਈ ਜੁਰਮਾਨੇ ਅਤੇ ਸਜ਼ਾ ਦੀ ਵਿਵਸਥਾ ਕਰਦੀ ਹੈ। ਉਨ੍ਹਾਂ ਕਿਹਾ ਕਿ ਇਸ ਇਤਿਹਾਸਕ ਫੈਸਲੇ ਦਾ ਮਨੋਰਥ ਆਮ ਲੋਕਾਂ ਦੀ ਭਲਾਈ ਨੂੰ ਯਕੀਨੀ ਬਣਾਉਣਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਨਵੀਂ ਸੋਧ ਮੁਤਾਬਕ ਕੋਈ ਵੀ **ਇਕਰਾਰਨਾਮਾ ਕੀਤਾ ਹੈ,** ਉਸ ਲਈ ਐਨ.ਓ.ਸੀ. ਦੀ ਲੋੜ ਨਹੀਂ ਹੋਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਇਸ ਜਾਇਦਾਦ ਦਾ ਮਾਲਕ ਆਪਣੇ ਪਲਾਟ ਦੀ ਰਜਿਸਟਰੀ ਸਬੰਧਤ ਰਜਿਸਟਰਾਰ ਜਾਂ ਸੰਯੁਕਤ ਜਾਂ ਸਬ-ਰਜਿਸਟਰਾਰ **ਜਾਂ** ਸੰਯੁਕਤ ਸਬ-ਰਜਿਸਟਰਾਰ ਕੋਲ ਕਰਵਾ ਸਕਦਾ ਹੈ ਅਤੇ ਅਜਿਹੇ ਰਕਬੇ ਨੂੰ ਰਜਿਸਟਰ ਕਰਵਾਉਣ ਸਬੰਧੀ ਇਹ ਛੋਟ ਸਰਕਾਰ ... ਤਰ੍ਹਾਂ ਦੇ ਵਿਕਰੀ ਦਸਤਾਵੇਜ਼ ਦੀ ਰਜਿਸਟਰਾਰ **ਜਾਂ** ਸਬ-ਰਜਿਸਟਰਾਰ ਜਾਂ ਸੰਯੁਕਤ ਸਬ-ਰਜਿਸਟਰਾਰ ਵੱਲੋਂ ਸਬੰਧਤ ਅਥਾਰਟੀ ਨੂੰ ਮੁਹੱਈਆ ਕਰਵਾਈ ਜਾਵੇਗੀ। ਮੁੱਖ ਮੰਤਰੀ ਨੇ ਦੱਸਿਆ ਕਿ ਉਪਰੋਕਤ ਅਨੁਸਾਰ ਦਿੱਤੀ ਗਈ ਛੋਟ ਦੀ ਨੋਟੀਫਾਈ ਕੀਤੀ ਗਈ ਮਿਤੀ ਬੀਤ ਜਾਣ ਉਪਰੰਤ ਵੀ ਜੇਕਰ ਇਸ ਜਾਇਦਾਦ ਨੂੰ ਅੱਗੇ ਵੇਚਿਆ ਨਹੀਂ ...

# ਬਰੂਨੇਈ ਪਹੁੰਚੇ ਪ੍ਰਧਾਨ ਮੰਤਰੀ ਸ਼੍ਰੀ ਮੋਦੀ-ਕ੍ਰਾਊਨ ਪ੍ਰਿੰਸ ਵੱਲੋਂ ਸਵਾਗਤ

### ਭਾਰਤੀ ਭਾਈਚਾਰੇ ਨਾਲ ਕੀਤੀ ਮੁਲਾਕਾਤ

ਪੰਜਾਬ ਟਾਇਮਜ਼ ਵਿਸ਼ੇਸ਼

ਪੰਜਾਬ ਟਾਇਮਜ਼ ਬਿਊਰੋ



ਬਰੂਨੇਈ, 3 ਸਤੰਬਰ- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬਰੂਨੇਈ ਦਾਰੂਸਲਮ ਪਹੁੰਚ ਗਏ ਹਨ। ਕਿਸੇ ਭਾਰਤੀ ਪ੍ਰਧਾਨ ਮੰਤਰੀ ਦੀ ਇਹ ਪਹਿਲੀ ਦੁਵੱਲੀ ਯਾਤਰਾ ਹੈ। ਕ੍ਰਾਊਨ ਪ੍ਰਿੰਸ ਹਾਜੀ ਅਲ-ਮੁਹਤਾਦੀ ਬਿੱਲਾ ਨੇ ਪ੍ਰਧਾਨ ਮੰਤਰੀ ਦਾ ਸਵਾਗਤ ਕੀਤਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਪਣੀ ਦੋ ਦੇਸ਼ਾਂ ਦੀ ਯਾਤਰਾ ਦੇ ਪਹਿਲੇ ਪੜਾਅ 'ਤੇ ਮੰਗਲਵਾਰ ਨੂੰ ਬਰੂਨੇਈ ਪਹੁੰਚੇ। ਇੱਥੇ ਉਹ ਦੇਸ਼ ਦੀ ਚੋਟੀ ਦੀ ਲੀਡਰਸ਼ਿਪ ਨਾਲ ਗੱਲਬਾਤ ਕਰਨਗੇ ਅਤੇ ਦੁਵੱਲੇ ਸਬੰਧਾਂ ਨੂੰ ਹੁਲਾਰਾ ਦੇਣ ਦੇ ਤਰੀਕਿਆਂ 'ਤੇ ਚਰਚਾ ਕਰਨਗੇ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਬਰੂਨੇਈ ਦੇ ਕ੍ਰਾਊਨ ਪ੍ਰਿੰਸ ਹਾਜੀ ਅਲ-ਮੁਹਤਾਦੀ ਬਿੱਲਾ ਦੀ ਮੌਜੂਦਗੀ ਵਿੱਚ ਰਸਮੀ ਸੁਆਗਤ ਦੌਰਾਨ ਗਾਰਡ ਆਫ ਆਨਰ ਦਿੱਤਾ ਗਿਆ। ਕਿਸੇ ਭਾਰਤੀ ਪ੍ਰਧਾਨ ਮੰਤਰੀ ਦੀ ਇਹ ਪਹਿਲੀ ਦੁਵੱਲੀ ਯਾਤਰਾ ਹੈ ਅਤੇ ਦੋਵੇਂ ਦੇਸ਼ ਕੂਟਨੀਤਕ ਸਬੰਧਾਂ ਦੀ ਸਥਾਪਨਾ ਦੇ 40 ਸਾਲ ਪੂਰੇ ਹੋਣ ਦਾ ਜਸ਼ਨ ਮਨਾ ਰਹੇ ਹਨ। ਮੋਦੀ, ਜੋ ਕਿ ਦੁਵੱਲੀ ਦੌਰ 'ਤੇ ਬਰੂਨੇਈ ਦੀ ਯਾਤਰਾ ਕਰਨ ਵਾਲੇ ਪਹਿਲੇ ਭਾਰਤੀ ਪ੍ਰਧਾਨ ਮੰਤਰੀ ਹਨ, ਨੇ ਕਿਹਾ ਕਿ ਉਹ ਇਤਿਹਾਸਕ ਸਬੰਧਾਂ ਨੂੰ ਨਵੀਆਂ ਉਚਾਈਆਂ 'ਤੇ ਲਿਜਾਣ ਲਈ ਸੁਲਤਾਨ ਹਾਜੀ ਹਸਨਲ ਬੋਲਕੀਆ ਅਤੇ ਸ਼ਾਹੀ ਪਰਿਵਾਰ ਦੇ ਹੋਰ ਮੈਂਬਰਾਂ ਨਾਲ ਆਪਣੀਆਂ ਮੁਲਾਕਾਤਾਂ ਦੀ ਉਡੀਕ ਕਰ ਰਹੇ ਹਨ। ਕਿਸੇ ਭਾਰਤੀ ਪ੍ਰਧਾਨ ਮੰਤਰੀ ਦੀ ਇਹ ਪਹਿਲੀ ਦੁਵੱਲੀ ਯਾਤਰਾ ਹੈ। ਇੱਥੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਰਤੀ ਭਾਈਚਾਰੇ ਦੇ ਲੋਕਾਂ ਨਾਲ ਮੁਲਾਕਾਤ ਕੀਤੀ।

## ਪੱਛਮੀ ਬੰਗਾਲ ਵਿਧਾਨ ਸਭਾ ਵੱਲੋਂ ਜਬਰ ਜਨਾਹ-ਵਿਰੋਧੀ ਬਿਲ ਸਰਬ ਸੰਮਤੀ ਨਾਲ ਪਾਸ

## ਫਿਰੋਜ਼ਪੁਰ 'ਚ ਇੱਕ ਲੜਕੀ ਸਣੇ 3 ਲੋਕਾਂ ਦਾ ਗੋਲੀਆਂ ਮਾਰ ਕੇ ਕਤਲ

# ਪਬਲਿਕ ਇਸ਼ਤਿਹਾਰ

ਦੀ ਸੁਲਹਾਣੀਬੁਮੰਤਵੀ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮ ਵਿੱਚ ਸੇਲਜ਼ਮੈਨ ਕਮ ਕੈਸ਼ੀਅਰ ਦੀ ਖਾਲੀ ਅਸਾਮੀ ਸਭਾ ਵਿੱਚ ਡੀ.ਸੀ ਰੇਟਾਂ ਤੇ ਭਰਨ ਲਈ ਯੋਗ ਉਮੀਦਵਾਰਾਂ ਪਾਸੋ ਦਰਖਾਸ਼ਤਾਂ ਦੀ ਮੰਗ ਹੇਠ ਲਿਖਿਆਂ ਸ਼ਰਤਾਂ ਅਤੇ ਯੋਗਤਾਵਾਂ ਅਨੁਸਾਰ ਕੀਤੀ ਜਾਂਦੀ ਹੈ-

1. ਮਾਨਤਾ ਪ੍ਰਾਪਤ ਯੂਨੀਵਰਸਿਟੀ ਜਾਂ ਸੰਸਥਾ ਤੋ ਗਰੈਜੂਏਸ਼ਨ ਦੀ ਡਿਗਰੀ ਅਤੇ ਦਸਵੀਂ ਪੱਧਰ ਤੱਕ ਪੰਜਾਬੀ ਪਾਸ ਹੋਵੇ, ਉਮਰ ਹੱਦ ਮਿਤੀ 20/09/2024 ਤੱਕ 18 ਸਾਲ ਤੋਂ 35 ਸਾਲ ਦਰਮਿਆਨ ਹੋਵੇ।
2. ਉਮੀਦਵਾਰ ਨੇ ਭਾਰਤ ਸਰਕਾਰ ਦੇ ਇਲੈਕਟ੍ਰੋਨਿਕ ਵਿਭਾਗ ਦੇ 'ੳ' ਲੈਵਲ ਦੇ ਸਰਟੀਫਿਕੇਟ ਜਾਂ ਕਿਸੇ ਪ੍ਰਮਾਣਿਤ ਮਸ਼ਹੂਰ ਸੰਸਥਾ ਜੋ ਆਈ.ਐਸ.ਓ. 9001 ਅਨੁਸਾਰ ਤਸਦੀਕਸ਼ੁਦਾ ਹੋਵੇ ਤੋ ਘੱਟੋ ਘੱਟ 120 ਘੰਟੇ ਦਾ ਹੇਠ ਲਿਖਿਆ ਕੋਰਸ ਪਾਸ ਕੀਤਾ ਹੋਵੇ।

(a) ਪਰਸਨਲ ਕੰਪਿਊਟਰ ਕੋਰਸ ਜਾਂ ਇੰਫਰਮੇਸ਼ਨ ਟੈਕਨਾਲੋਜੀ ਵਿੱਚ ਆਫਿਸ ਪ੍ਰੋਡਕਟੀਵਿਟੀ ਐਪਲੀਕੇਸ਼ਨ ਦਾ ਕੋਰਸ ਜਾਂ ਡੈਸਕਟੌਪ ਪਬਲਿਸ਼ਿੰਗ ਦਾ ਕੋਰਸ।

3. ਉਮੀਦਵਾਰ ਪੇਂਡੂ ਪਿਛੋਕੜ ਅਤੇ ਸਭਾ ਦੇ ਦਾਇਰਾ ਕਾਰੋਬਾਰ ਦਾ ਵਸਨੀਕ ਹੋਣਾ ਚਾਹੀਦਾ ਹੈ।
4. ਸਿਲੈਕਸ਼ਨ ਸਬੰਧੀ ਪੇਸ਼ਾਵਰ ਅਤੇ ਤਕਨੀਕੀ ਮੁਹਾਰਤ ਹਾਸਲ ਉਮੀਦਵਾਰ ਨੂੰ ਪਹਿਲ ਦਿੱਤੀ ਜਾਵੇਗੀ।
5. ਭਰਤੀ ਲਈ ਕੀਤੀ ਜਾਣ ਵਾਲੀ ਇੰਟਰਵਿਊ ਅਧਿਕਾਰਤ ਸਲੈਕਸ਼ਨ ਕਮੇਟੀ ਵੱਲੋਂ ਕੀਤੀ ਜਾਵੇਗੀ ਅਤੇ ਸਲੈਕਸ਼ਨ ਕਮੇਟੀ ਬਿਨਾਂ ਕਾਰਨ ਦੱਸੇ ਇੰਟਰਵਿਊ ਮੁਲਤਵੀ ਕਰ ਸਕਦੀ ਹੈ।
6. ਨਿਯੁਕਤ ਕੀਤੇ ਜਾਣ ਵਾਲੇ ਕਰਮਚਾਰੀ ਦੀ ਨਿਯੁਕਤੀ ਸਰਵਿਸ ਰੂਲਜ਼ 1997 ਅਤੇ ਮੁੱਖ ਦਫਤਰ ਵੱਲੋਂ ਸਮੇਂ-ਸਮੇਂ ਸਿਰ ਜਾਰੀ ਹਦਾਇਤਾਂ ਦੇ ਅਧੀਨ ਹੋਵੇਗੀ।
7. ਸਭਾ ਦੇ ਦਾਇਰਾ ਕਾਰੋਬਾਰ ਵਿੱਚ ਆਉਂਦੇ ਪਿੰਡਾਂ ਵਿੱਚ ਰਹਿੰਦੇ ਮੈਂਬਰਾਂ ਅਤੇ ਗੈਰ-ਮੈਂਬਰਾਂ ਨੂੰ ਸਭਾ ਵਿੱਚ ਸੇਲਜ਼ਮੈਨ ਕਮ ਕੈਸ਼ੀਅਰ ਦੀ ਭਰਤੀ ਸਬੰਧੀ ਪਿੰਡਾਂ ਦੇ ਚੌਕੀਦਾਰਾਂ/ਨੰਬਰਦਾਰਾਂ ਰਾਹੀ ਜਨਤਕ ਸੂਚਨਾ ਦੇਣ ਅਤੇ ਭਰਤੀ ਸਬੰਧੀ ਅਖਬਾਰ ਵਿੱਚ ਜਨਤਕ ਨੋਟਿਸ ਦੇਣ ਦੀ ਜਿੰਮੇਵਾਰੀ ਸਭਾ ਦੇ ਕਮੇਟੀ ਮੈਂਬਰ ਸ਼੍ਰੀ ਸੁਖਚਰਨ ਸਿੰਘ ਦੀ ਲਗਾਈ ਜਾਂਦੀ ਹੈ।
8. ਭਰਤੀ ਹੋਣ ਦੇ ਚਾਹਵਾਨ ਉਮੀਦਵਾਰਾਂ ਨੂੰ ਸਾਦੇ ਕਾਗਜ਼ ਉਪਰ ਆਪਣੀ ਦਰਖਾਸਤ ਦੇ ਨਾਲ ਆਪਣੇ ਸਵੈ-ਤਸਦੀਕਸ਼ੁਦਾ ਸਰਟੀਫਿਕੇਟ ਮਿਤੀ 19/09/2024 ਨੂੰ ਸ਼ਾਮ 5 ਵਜੇ ਤੱਕ ਸਭਾ ਦੇ ਦਫਤਰ ਵਿਖੇ ਸਭਾ ਦੇ ਸਕੱਤਰ ਸ੍ਰੀ ਸਵਰਨਜੀਤ ਸਿੰਘ ਪਾਸ ਸਬਮਿਟ ਕਰਵਾਉਣੇ ਲਾਜਮੀ ਹਨ। ਦੇਰੀ ਨਾਲ ਆਈ ਕੋਈ ਵੀ ਦਰਖਾਸਤ ਵਿਚਾਰਨਯੋਗ ਨਹੀ ਹੋਵੇਗੀ।
9. ਸੇਲਜ਼ਮੈਨ ਕਮ ਕੈਸ਼ੀਅਰ ਦੀ ਨਿਯੁਕਤੀ ਸਬੰਧੀ ਕਾਰਵਾਈ ਮਿਤੀ 20/09/2024 ਨੂੰ ਸਭਾ ਦੇ ਦਫਤਰ ਵਿਖੇ ਸਵੇਰੇ 10 ਵਜੇ ਤੋਂ ਸ਼ੁਰੂ ਕਰ ਦਿੱਤੀ ਜਾਵੇਗੀ। ਨਿਯੁਕਤੀ ਲਈ ਚਾਹਵਾਨ ਉਮੀਦਵਾਰ ਮਿਤੀ 20/09/2024 ਨੂੰ ਸਭਾ ਦੇ ਦਫਤਰ ਵਿਖੇ ਸਵੇਰੇ 10 ਵਜੇ ਤੱਕ ਹਾਜ਼ਰ ਹੋਣਾ ਯਕੀਨੀ ਬਣਾਉਣ। ਇਸ ਸਬੰਧੀ ਉਮੀਦਵਾਰ ਨੂੰ ਕੋਈ ਟੀ.ਏ./ਡੀ.ਏ ਨਹੀ ਦਿੱਤਾ ਜਾਵੇਗਾ।
10. ਸਿਲੈਕਸ਼ਨ ਕਮੇਟੀ ਵੱਲੋਂ ਚੁਣੇ ਗਏ ਉਮੀਦਵਾਰ ਦੀ ਨਿਯੁਕਤੀ ਤੋਂ ਅਜ਼ਮਾਇਸ਼ ਸਬੰਧੀ ਸ਼ਰਤਾਂ ਜਾਰੀ ਕਰਨ ਦਾ ਅਧਿਕਾਰ ਸਭਾ ਦੀ ਪ੍ਰਬੰਧਕ ਕਮੇਟੀ ਪਾਸ ਹੋਵੇਗਾ।

39ਵੀਂ ਵਰ੍ਹੇਗੰਢ
ਰੋਜ਼ਾਨਾ
# ਅੱਜ ਦੀ ਆਵਾਜ਼
Daily Aj Di Awaaz
ਜਲੰਧਰ : ਬੁੱਧਵਾਰ, 4 ਸਤੰਬਰ 2024
ਸਾਲ 39 • ਅੰਕ ਨੰ. 144 • ਕੀਮਤ 3 ਰੁਪਏ • ਪੰਨੇ 12
ਸੰਪਾਦਕ : ਅਰਸ਼ਦੀਪ ਸਿੰਘ ਸਮਰਾ
Jalandhar : Wednesday, 4 September 2024
20 ਭਾਦੋਂ, ਨਾਨਕਸ਼ਾਹੀ ਸੰਮਤ 556
E-mail : dailyajdiawaaz@gmail.com | www.ajdiawaaz.in | Youtube : Aj Di Awaaz | RNI No. 46843/90 | ਫੋਨ : 0181-4626371 | Postel Regd. No. PB/JL-0007/2024-26

MY TRAVELS
Specialist in Canada
Tourist Visa More than 1000 Visa Granted till date
Address :
Mytravels 174 Green Park
Opp Dr. Jain Near Bus Stand
Gate No. 6 Jalandhar
76119-76119



## ਮਾਨ ਸਰਕਾਰ ਨੇ ਪੂਰਾ ਕੀਤਾ ਵਾਅਦਾ
# ਰਜਿਸਟਰੀਆਂ 'ਤੇ ਐਨ.ਓ.ਸੀ. ਦੀ ਸ਼ਰਤ ਖਤਮ
## ਗੈਰ-ਕਾਨੂੰਨੀ ਕਲੋਨੀਆਂ ਕੱਟਣ ਵਾਲਿਆਂ ਨੂੰ 25 ਲੱਖ ਤੋਂ 5 ਕਰੋੜ ਤੱਕ ਹੋਵੇਗਾ ਜੁਰਮਾਨਾ

ਚੰਡੀਗੜ੍ਹ • ਆਵਾਜ਼ ਬਿਊਰੋ

[illegible]







ਬਾਕੀ ਸਫਾ 2 'ਤੇ

## ਪੱਛਮੀ ਬੰਗਾਲ ਵਿਧਾਨ ਸਭਾ 'ਚ ਬਲਾਤਕਾਰ ਵਿਰੋਧੀ ਬਿੱਲ ਪਾਸ
# ਪੀੜਤਾ ਕੋਮਾ 'ਚ ਗਈ ਜਾਂ ਹੋਈ ਮੌਤ ਤਾਂ 10 ਦਿਨਾਂ 'ਚ ਦੋਸ਼ੀ ਨੂੰ ਹੋਵੇਗੀ ਫਾਂਸੀ

ਕੋਲਕਾਤਾ • ਆਵਾਜ਼ ਬਿਊਰੋ

ਪੱਛਮੀ ਬੰਗਾਲ ਵਿਧਾਨ ਸਭਾ 'ਚ ਮੰਗਲਵਾਰ ਨੂੰ ਬਲਾਤਕਾਰ ਵਿਰੋਧੀ ਬਿੱਲ ਪਾਸ ਕੀਤਾ ਗਿਆ। ਨਵੇਂ ਕਾਨੂੰਨ ਤਹਿਤ ਬਲਾਤਕਾਰ ਦੇ ਮਾਮਲਿਆਂ ਦੀ ਜਾਂਚ 36 ਦਿਨਾਂ ਵਿਚ ਪੂਰੀ ਕਰਨੀ ਹੋਵੇਗੀ। ਇਸ ਤੋਂ ਇਲਾਵਾ ਜੇਕਰ ਪੀੜਤਾ ਕੋਮਾ ਵਿਚ ਚਲੀ ਜਾਂਦੀ ਹੈ ਜਾਂ ਉਸ ਦੀ ਮੌਤ ਹੋ ਜਾਂਦੀ ਹੈ ਤਾਂ ਦੋਸ਼ੀ ਨੂੰ 10 ਦਿਨਾਂ ਦੇ ਅੰਦਰ ਫਾਂਸੀ ਦਿੱਤੀ ਜਾਵੇਗੀ। ਇਸ ਬਿੱਲ ਨੂੰ ਅੱਗੇ ਰਾਜਪਾਲ ਨੂੰ ਭੇਜਿਆ ਜਾਵੇਗਾ। ਉਨ੍ਹਾਂ ਦੇ ਦਸਤਖਤ ਤੋਂ ਬਾਅਦ ਇਹ ਕਾਨੂੰਨ ਬਣ ਜਾਵੇਗਾ। ਮਮਤਾ ਸਰਕਾਰ ਨੇ ਬਲਾਤਕਾਰ ਵਿਰੋਧੀ ਬਿੱਲ ਦਾ ਨਾਮ 'ਅਪਰਾਜਿਤਾ' ਵੂਮੈਨ ਐਂਡ ਚਿਲਡਰਨ ਬਿੱਲ (ਪੱਛਮੀ ਬੰਗਾਲ ਅਪਰਾਧਿਕ ਕਾਨੂੰਨ ਅਤੇ ਸੋਧ) ਬਿੱਲ 2024 ਰੱਖਿਆ ਹੈ। ਰਾਜ ਸਰਕਾਰ ਨੇ ਬਿੱਲ ਪਾਸ ਕਰਵਾਉਣ ਲਈ 2 ਸਤੰਬਰ ਤੋਂ ਦੋ ਦਿਨਾਂ ਲਈ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਬੁਲਾਇਆ ਸੀ। ਕਾਨੂੰਨ ਮੰਤਰੀ ਨੇ ਬਿੱਲ ਨੂੰ ਵਿਧਾਨ ਸਭਾ ਵਿੱਚ ਪੇਸ਼ ਕੀਤਾ। ਮਮਤਾ ਸਰਕਾਰ ਦਾ ਨਵਾਂ ਬਿੱਲ ਇੰਡੀਅਨ ਜੁਡੀਸ਼ੀਅਲ ਕੋਡ, ਇੰਡੀਅਨ ਸਿਵਲ ਡਿਫੈਂਸ ਕੋਡ ਅਤੇ ਪ੍ਰੋਟੈਕਸ਼ਨ ਆਫ ਚਿਲਡਰਨ ਫਰਾਮ ਸੈਕਸੁਅਲ ਅਫੈਂਸ ਐਕਟ ਵਿੱਚ ਸੋਧ ਕਰਦਾ ਹੈ। ਕੋਲਕਾਤਾ ਦੇ ਆਰਜੀ ਕਾਰ ਮੈਡੀਕਲ ਕਾਲਜ ਅਤੇ ਹਸਪਤਾਲ ਵਿੱਚ 8-9 ਅਗਸਤ ਨੂੰ ਇੱਕ ਸਿਖਿਆਰਥੀ ਡਾਕਟਰ ਦਾ ਬਲਾਤਕਾਰ ਅਤੇ ਕਤਲ ਕਰ ਦਿੱਤਾ ਗਿਆ ਸੀ। ਇਸ ਤੋਂ ਬਾਅਦ ਦੇਸ਼ ਭਰ 'ਚ ਡਾਕਟਰਾਂ ਅਤੇ ਸਿਆਸੀ ਪਾਰਟੀਆਂ ਦੇ ਵਿਰੋਧ ਤੋਂ ਬਾਅਦ ਮਮਤਾ ਬੈਨਰਜੀ ਨੇ ਕਿਹਾ ਸੀ ਕਿ ਉਹ ਸੂਬੇ 'ਚ ਬਲਾਤਕਾਰ ਵਰਗੇ ਅਪਰਾਧਾਂ ਲਈ ਸਖ਼ਤ ਕਾਨੂੰਨ ਬਣਾਉਣਗੇ।



ਬਾਕੀ ਸਫਾ 2 'ਤੇ

# ਸਿੱਖ ਸਿਆਸੀ ਆਗੂ ਬਿਆਨਬਾਜੀ ਨਾ ਕਰਨ, ਉਲੰਘਣਾ ਕਰਨ ਵਾਲਿਆਂ ਖਿਲਾਫ਼ ਹੋਵੇਗੀ ਸਖਤ ਕਾਰਵਾਈ : ਸਿੰਘ ਸਾਹਿਬ

ਅੰਮ੍ਰਿਤਸਰ • ਮੇਹਤਾ ਸਿੰਘ

[illegible]



ਬਾਕੀ ਸਫਾ 2 'ਤੇ

## ਕਰਜ਼ੇ ਦੇ ਜਾਲ 'ਚ ਉਲਝ ਰਹੇ ਭਾਰਤੀ !